SafeWork NSW



# ਨਿਉ ਸਾਊਥ ਵੇਲਜ਼ ਦੇ ਕਾਮਿਆਂ ਲਈ ਸੁਣਨ ਦੀ ਜਾਂਚ ਸਬੰਧੀ ਨਵੇਂ ਨਿਯਮ

**ਜੇ ਤੁਹਾਡੇ ਕੰਮ ਕਰਕੇ ਤੁਸੀਂ ਖ਼ਤਰਨਾਕ ਸ਼ੋਰ ਦੀ ਚਪੇਟ ਵਿੱਚ ਆਉਂਦੇ ਹੋ, ਤਾਂ ਤੁਹਾਨੂੰ ਕੰਮਕਾਜੀ ਸਥਾਨਾਂ ਨਾਲ ਜੁੜੇ ਕਾਨੂੰਨਾਂ ਬਾਰੇ ਜਾਣੂ ਹੋਣਾ ਚਾਹੀਦਾ ਹੈ, ਜਿਨ੍ਹਾਂ ਵਿੱਚ 1 ਜਨਵਰੀ 2024 ਤੋਂ ਬਦਲਾਵ ਲਿਆਂਦੇ ਜਾ ਰਹੇ ਹਨ।**

## ਕੀ ਬਦਲ ਰਿਹਾ ਹੈ?

ਕੰਮਕਾਜੀ ਸਥਾਨਾਂ 'ਤੇ ਸੁਣਨ ਦੀ ਸ਼ਕਤੀ ਦੇ ਨੁਕਸਾਨ ਨੂੰ ਰੋਕਣ 'ਚ ਸਹਾਇਤਾ ਕਰਨ ਲਈ, ਮਾਲਕਾਂ ਨੂੰ ਆਪਣੇ ਉਨ੍ਹਾਂ ਕਰਮਚਾਰੀਆਂ ਨੂੰ ਸੁਣਨ ਦੇ ਟੈਸਟ (ਆਡੀਓਮੈਟ੍ਰਿਕ ਟੈਸਟ) ਪ੍ਰਦਾਨ ਕਰਨੇ ਪੈਣਗੇ ਜੋ ਅਕਸਰ ਅਜਿਹੇ ਸ਼ੋਰ ਨੂੰ ਕਾਬੂ ਕਰਨ ਲਈ ਸੁਣਨ ਦੀ ਸੁਰੱਖਿਆ ਦੀ ਵਰਤੋਂ ਕਰਦੇ ਹਨ, ਜੋ ਨਿਰਧਾਰਤ ਮਿਆਰ ਤੋਂ ਵੱਧ ਉੱਚਾ ਹੁੰਦਾ ਹੈ*:

- ਉਨ੍ਹਾਂ ਦੇ ਨੌਕਰੀ ਸ਼ੁਰੂ ਕਰਨ ਦੇ 3 ਮਹੀਨਿਆਂ ਦੇ ਅੰਦਰ-ਅੰਦਰ (ਬੇਸਲਾਈਨ ਟੈਸਟ)
- ਅਤੇ ਉਸ ਤੋਂ ਬਾਅਦ ਅਗਲਾ ਟੈਸਟ ਘੱਟੋ-ਘੱਟ ਹਰ 2 ਸਾਲਾਂ ਤੱਕ।

## ਕਦੋਂ ਤੋਂ?

ਨਿਉ ਸਾਊਥ ਵੇਲਜ਼ ਦੇ ਕੰਮ ਕਾਜੀ ਸਥਾਨਾਂ ਲਈ ਇਹ ਕਾਨੂੰਨ 1 ਜਨਵਰੀ 2024 ਤੋਂ ਸ਼ੁਰੂ ਹੋਵੇਗਾ।

## ਇਸ ਨਾਲ ਕੌਣ ਪ੍ਰਭਾਵਿਤ ਹੁੰਦਾ ਹੈ?

ਜੇਕਰ ਤੁਸੀਂ ਅਜਿਹੇ ਕਾਮਿਆਂ ਨੂੰ ਰੱਖਦੇ ਹੋ ਜੋ ਵਾਰ-ਵਾਰ ਅਜਿਹੇ ਸ਼ੋਰ ਨੂੰ ਕਾਬੂ ਕਰਨ ਲਈ ਸੁਣਨ ਦੀ ਸੁਰੱਖਿਆ ਦੀ ਵਰਤੋਂ ਕਰਦੇ ਹਨ ਜੋ ਨਿਰਧਾਰਤ ਮਿਆਰ ਤੋਂ ਵੱਧ ਉੱਚਾ ਹੁੰਦਾ ਹੈ, ਤਾਂ ਤੁਹਾਨੂੰ ਨਿਯਮਤ ਤੌਰ 'ਤੇ ਆਪਣੇ ਕਰਮਚਾਰੀਆਂ ਨੂੰ ਸੁਣਨ ਦੇ ਟੈਸਟ ਪ੍ਰਦਾਨ ਕਰਨੇ ਪੈਣਗੇ।

ਵਧੇਰੇ ਜਾਣਕਾਰੀ ਲਈ **QR** ਕੋਡ ਨੂੰ ਸਕੈਨ ਕਰੋ, **safework.nsw.gov.au** 'ਤੇ ਜਾ ਕੇ ਸਾਡੇ ਬਾਰੇ ਪੜ੍ਹੋ ਅਤੇ ਸਰਚ ਕਰੋ

Hearing tests

ਜਾਂ ਸਾਨੂੰ **13 10 50** 'ਤੇ ਫ਼ੋਨ ਕਰੋ ਜਾਂ **workingenvironment@safework.nsw.gov.au** 'ਤੇ ਈਮੇਲ ਕਰੋ

*ਵਰਕ ਹੈਲਥ ਐਂਡ ਸੇਫਟੀ ਰੈਗੂਲੇਸ਼ਨ 2017 (ਕੰਮਕਾਜੀ ਸਥਾਨ ਸਿਹਤ ਅਤੇ ਸੁਰੱਖਿਆ ਕਾਨੂੰਨ 2017) (ਦੀ ਧਾਰਾ 56), ਉੱਚੀ ਆਵਾਜ਼ ਦੇ ਸੰਪਰਕ ਵਿੱਚ ਆਉਣ ਸਬੰਧੀ ਆਵਾਜ਼ ਦਾ ਮਿਆਰੀ ਪੱਧਰ LAeq, 8h ਨੂੰ 85dB(A) 'ਤੇ, ਅਤੇ ਵੱਧ ਤੋਂ ਵੱਧ ਆਵਾਜ਼ ਦੇ ਪੱਧਰ ਨੂੰ 140dB(C) 'ਤੇ ਨਿਰਧਾਰਿਤ ਕਰਦਾ ਹੈ।

NSW GOVERNMENT

## ਸੁਣਨ ਦਾ ਟੈਸਟ ਕੀ ਹੁੰਦਾ ਹੈ?

ਇਹ ਦਰਦ ਰਹਿਤ ਅਜਿਹੇ ਟੈਸਟ ਹੁੰਦੇ ਹਨ ਜਿਨ੍ਹਾਂ ਵਿੱਚ ਸਰੀਰ ਦੇ ਵਿੱਚ ਕੋਈ ਜੰਤਰ ਵਗੈਰਾ ਨਹੀਂ ਵਾੜੇ ਜਾਂਦੇ, ਇਹ ਟੈਸਟ ਕਈ ਵੱਖਰੀਆਂ-ਵੱਖਰੀਆਂ ਫ੍ਰਿਕੁਏਂਸੀਆਂ 'ਤੇ ਉਸ ਸਭ ਤੋਂ ਨਰਮ ਆਵਾਜ਼ ਨੂੰ ਮਾਪਦੇ ਹਨ ਜੋ ਕੋਈ ਵਿਅਕਤੀ ਸੁਣ ਸਕਦਾ ਹੈ।

## ਸੁਣਨ ਦੀ ਜਾਂਚ ਕੌਣ ਕਰਦਾ ਹੈ?

ਸੁਣਨ ਦੀ ਜਾਂਚ ਇੱਕ ਸਿਖਿਆ ਪ੍ਰਾਪਤ ਪੇਸ਼ੇਵਰ ਕਰੇਗਾ, ਇਸ ਵਿੱਚ ਇੱਕ ਆਡੀਓਲੋਜਿਸਟ ਵੀ ਸ਼ਾਮਲ ਹੋ ਸਕਦਾ ਹੈ।

## ਕੀ ਉਮੀਦ ਕੀਤੀ ਜਾ ਸਕਦੀ ਹੈ?

ਤੁਹਾਡੀ ਸੁਣਨ ਦੀ ਜਾਂਚ ਕਿਸੇ ਆਡੀਓਲੋਜੀ ਕਲੀਨਿਕ ਵਿੱਚ ਕੀਤੀ ਜਾ ਸਕਦੀ ਹੈ, ਜਾਂ ਕੋਈ ਸੁਣਨ ਦੀ ਜਾਂਚ ਕਰਨ ਵਾਲੀ ਸੇਵਾ ਤੁਹਾਡੇ ਕੰਮ ਵਾਲੇ ਸਥਾਨ 'ਤੇ ਆ ਸਕਦੀ ਹੈ। ਟੈਸਟ ਵਾਲੇ ਦਿਨ:

- ਤੁਹਾਡੀ ਸੁਣਨ ਦੀ ਜਾਂਚ ਉੱਚੀ ਆਵਾਜ਼ਾਂ ਤੋਂ ਦੂਰ, ਇੱਕ ਸ਼ਾਂਤ ਜਗ੍ਹਾ 'ਤੇ ਕੀਤੀ ਜਾਵੇਗੀ
- ਤੁਹਾਡੇ ਕੰਨਾਂ ਦੀ ਜਾਂਚ ਕਿਸੇ ਵੀ ਕਿਸਮ ਦੀ ਅਜਿਹੀ ਰੁਕਾਵਟ ਵਾਸਤੇ ਕੀਤੀ ਜਾਵੇਗੀ, ਜੋ ਟੈਸਟ ਨੂੰ ਪ੍ਰਭਾਵਿਤ ਕਰ ਸਕਦੀ ਹੈ
- ਤੁਹਾਨੂੰ ਪੁੱਛਿਆ ਜਾਵੇਗਾ ਕਿ ਕੰਮ 'ਤੇ ਅਤੇ ਕੰਮ ਤੋਂ ਬਾਹਰ, ਦੋਵੇਂ ਸਥਾਨਾਂ 'ਤੇ ਤੁਸੀਂ ਸ਼ੋਰ ਨਾਲ ਕਿਸ ਹੱਦ ਤੱਕ ਸੰਪਰਕ ਵਿੱਚ ਆਏ ਹੋ
- ਤੁਸੀਂ ਹੈੱਡਫੋਨ ਪਾਓਗੇ ਅਤੇ ਤੁਹਾਨੂੰ ਕਈ ਸਾਰੀਆਂ ਆਵਾਜ਼ਾਂ ਸੁਣਨ ਲਈ ਕਿਹਾ ਜਾਵੇਗਾ।

## ਟੈਸਟ ਤੋਂ ਬਾਅਦ ਕੀ ਹੁੰਦਾ ਹੈ?

ਤੁਹਾਨੂੰ ਸੁਣਨ ਦੇ ਟੈਸਟ ਦੇ ਨਤੀਜੇ ਪ੍ਰਦਾਨ ਕੀਤੇ ਜਾਣਗੇ। ਜੇਕਰ ਸੁਣਨ ਦੀ ਸ਼ਕਤੀ ਵਿੱਚ ਕੋਈ ਵੀ ਨੁਕਸਾਨ ਹੋਇਆ ਪਾਇਆ ਜਾਂਦਾ ਹੈ, ਤਾਂ ਉਸਦੇ ਪਿੱਛੇ ਦੇ ਕਾਰਨ ਅਤੇ ਸੰਭਾਵੀ ਇਲਾਜ ਦੇ ਵਿਕਲਪਾਂ ਦਾ ਪਤਾ ਲਗਾਉਣ ਲਈ ਤੁਹਾਨੂੰ ਹੋਰ ਜਾਂਚ ਜਾਂ ਡਾਕਟਰ ਦੇ ਰੈਫ਼ਰਲ ਦੀ ਲੋੜ ਹੋ ਸਕਦੀ ਹੈ।

## ਸੁਣਨ ਦੀ ਜਾਂਚ ਦਾ ਪ੍ਰਬੰਧ ਅਤੇ ਉਸਦਾ ਭੁਗਤਾਨ ਕੌਣ ਕਰਦਾ ਹੈ?

ਰੁਜ਼ਗਾਰਦਾਤਾ ਆਪਣੇ ਕਰਮਚਾਰੀਆਂ ਲਈ ਸੁਣਨ ਦੇ ਟੈਸਟਾਂ ਦਾ ਬੰਦੋਬਸਤ ਕਰਨ ਅਤੇ ਉਨ੍ਹਾਂ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ। ਕਿਸੇ ਵੀ ਆਡੀਓਲੋਜੀ ਕਲੀਨਿਕ ਵਿੱਚ ਮੁਲਾਕਾਤ ਤੈਅ ਕੀਤੀ ਜਾ ਸਕਦੀ ਹੈ, ਅਤੇ ਕਿਸੇ ਵੀ ਡਾਕਟਰ ਦੇ ਹਵਾਲੇ (ਰੈਫ਼ਰਲ) ਦੀ ਲੋੜ ਨਹੀਂ ਹੈ।

## ਸੁਣਨ ਦੇ ਟੈਸਟ ਦੇ ਕੀ ਲਾਭ ਹਨ?

ਸਮੇਂ-ਸਮੇਂ ਸਿਰ ਸੁਣਨ ਦੇ ਟੈਸਟ ਕਰਵਾਉਣ ਦੇ ਫਾਇਦਿਆਂ ਵਿੱਚ ਸ਼ਾਮਲ ਹਨ:

- ਸੁਣਨ ਦੇ ਹੋਏ ਨੁਕਸਾਨ ਬਾਰੇ ਛੇਤੀ ਪਤਾ ਲੱਗ ਜਾਣਾ
- ਅੱਗੇ ਹੋਰ ਹੋਣ ਵਾਲੇ ਨੁਕਸਾਨ ਦੀ ਰੋਕਥਾਮ
- ਕੰਮ ਵਾਲੇ ਸਥਾਨ 'ਤੇ ਸ਼ੋਰ ਨੂੰ ਕਾਬੂ ਕਰਨ ਦੇ ਨੀਯਮਾਂ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰਨਾ

## ਰੁਜ਼ਗਾਰਦਾਤਾਵਾਂ ਨੂੰ ਇਸ ਦੀ ਤਿਆਰੀ ਕਿਵੇਂ ਕਰਨੀ ਚਾਹੀਦੀ ਹੈ?

1. ਕਰਮਚਾਰੀਆਂ ਦੀ ਸੁਣਨ ਦੀ ਸ਼ਕਤੀ ਦੇ ਨੁਕਸਾਨ ਦੇ ਖਤਰੇ ਨੂੰ ਨਿਰਧਾਰਤ ਕਰਨ ਲਈ, ਕੰਮ ਵਾਲੇ ਸਥਾਨ 'ਤੇ ਸ਼ੋਰ ਦੇ ਸਰੋਤਾਂ ਦੀ ਪਛਾਣ ਕਰੋ ਅਤੇ ਉਨ੍ਹਾਂ ਦਾ ਮੁਲਾਂਕਣ ਕਰੋ।
2. ਸੁਣਨ ਦੀ ਸ਼ਕਤੀ ਦੇ ਨੁਕਸਾਨ ਦੇ ਜੋਖਮ ਨੂੰ ਖਤਮ ਜਾਂ ਘੱਟ ਤੋਂ ਘੱਟ ਕਰਨ ਲਈ ਜੋਖਮ ਨਿਯੰਤਰਣ ਨਿਯਮ ਲਾਗੂ ਕਰੋ।
3. ਆਪਣੇ ਕਰਮਚਾਰੀਆਂ ਨਾਲ ਸੁਣਨ ਦੇ ਟੈਸਟਾਂ ਬਾਰੇ ਅਤੇ ਇਸ ਬਾਰੇ ਚਰਚਾ ਕਰੋ ਕਿ ਇਹ ਕਾਨੂੰਨ ਕੰਮ ਵਾਲੇ ਸਥਾਨ ਉੱਤੇ ਕਿਵੇਂ ਪ੍ਰਭਾਵ ਪਾ ਸਕਦਾ ਹੈ।
4. SafeWork NSW ਨਾਲ ਗੱਲ ਕਰੋ। ਅਸੀਂ ਤੁਹਾਡੇ ਕੰਮ ਦੇ ਸਥਾਨ ਨੂੰ ਆਉਣ ਵਾਲੇ ਬਦਲਾਅਵਾਂ ਲਈ ਤਿਆਰ ਹੋਣ ਵਿੱਚ ਮਦਦ ਕਰ ਸਕਦੇ ਹਾਂ।

## ਇਹ ਕਿਸ ਕਾਨੂੰਨ ਵਿੱਚ ਸ਼ਾਮਲ ਹੈ?

ਵਰਕ ਹੈਲਥ ਐਂਡ ਸੇਫਟੀ ਰੈਗੂਲੇਸ਼ਨ 2017 (ਕੰਮਕਾਜੀ ਸਥਾਨ ਸਿਹਤ ਅਤੇ ਸੁਰੱਖਿਆ ਕਾਨੂੰਨ 2017) (ਧਾਰਾ 58)



**ਜਿੱਥੇ ਸੁਣਨ ਦੀ ਸ਼ਕਤੀ ਵਿੱਚ ਕੋਈ ਨੁਕਸਾਨ ਹੋਇਆ ਪਾਇਆ ਜਾਂਦਾ ਹੈ, ਤਾਂ ਰੁਜ਼ਗਾਰਦਾਤਾਵਾਂ ਨੂੰ ਇਹ ਯਕੀਨੀ ਬਣਾਉਣ ਲਈ ਕੰਮ ਵਾਲੇ ਸਥਾਨ ਦੇ ਨਿਯਮਾਂ ਦੀ ਸਮੀਖਿਆ ਕਰਨੀ ਚਾਹੀਦੀ ਹੈ ਕਿ ਉਹ ਪ੍ਰਭਾਵੀ ਹਨ ਜਾਂ ਨਹੀਂ। ਕੰਮ ਵਾਲੇ ਸਥਾਨ 'ਤੇ ਕਰਮਚਾਰੀ ਦੀ ਸੁਣਨ ਦੀ ਸ਼ਕਤੀ ਦੇ ਹੋਏ ਨੁਕਸਾਨ ਮੁਤਾਬਕ ਢੁੱਕਵੇ ਪ੍ਰਬੰਧ ਵੀ ਕੀਤੇ ਜਾਣੇ ਚਾਹੀਦੇ ਹਨ।**

**ਦਾਅਵਾ-ਮੁਕਤੀ** (Disclaimer):
ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਆਪਣੀਆਂ ਕਾਨੂੰਨੀ ਜ਼ਿੰਮੇਵਾਰੀਆਂ ਦੀ ਪਾਲਣਾ ਕਰਦੇ ਹੋ, ਤੁਹਾਨੂੰ ਉਚਿਤ ਕਾਨੂੰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਨਵੀਨਤਮ ਕਾਨੂੰਨਾਂ ਬਾਰੇ ਜਾਣਕਾਰੀ ਦੀ ਪੜਤਾਲ **ਨਿਊ ਸਾਊਥ ਵੇਲਜ਼ ਕਾਨੂੰਨ ਦੀ ਵੈੱਬਸਾਈਟ** 'ਤੇ ਜਾ ਕੇ ਕੀਤੀ ਜਾ ਸਕਦੀ ਹੈ।

ਇਹ ਪ੍ਰਕਾਸ਼ਨ ਇਕੱਲੇ ਇਕੱਲੇ ਵਿਅਕਤੀਆਂ 'ਤੇ ਲਾਗੂ ਹੋਣ ਵਾਲੇ ਕਾਨੂੰਨ ਦੇ ਵਿਆਪਕ ਬਿਆਨ ਦਾ ਪ੍ਰਗਟਾਵਾ ਨਹੀਂ ਕਰਦਾ ਹੈ ਜਾਂ ਨਾ ਹੀ ਇਹ ਕਾਨੂੰਨੀ ਸਲਾਹ ਦਾ ਸਥਾਨ ਲੈ ਸਕਦਾ ਹੈ। ਜੇਕਰ ਤੁਹਾਨੂੰ ਆਪਣੀ ਸਥਿਤੀ ਉੱਤੇ ਕਾਨੂੰਨ ਨੂੰ ਲਾਗੂ ਕਰਨ ਸਬੰਧੀ ਸਹਾਇਤਾ ਦੀ ਲੋੜ ਹੈ ਤਾਂ ਤੁਹਾਨੂੰ ਨਿਰਪੱਖ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।